# ਛੁੱਟੀਆਂ ਮਨਾਉਣ ਲਈ ਸਫਰ ਕਰ ਰਹੇ ਹੋ? ਸਿੰਪਲੀਫ਼ਲਾਈ (ਸੌਖੀ ਉਡਾਨ ਭਰੋ)

ਹਵਾਈ ਯਾਤਰਾ

**TSA ਦਾ ਸਿੰਪਲੀਫ਼ਲਾਈ ਵੀਡੀਓ**




**ਸੌਖੀ ਉਡਾਨ ਕਿਵੇਂ ਭਰੀ ਜਾਵੇ, ਇਹ ਦੇਖਣ ਲਈ ਇੱਥੇ ਕਲਿੱਕ ਕਰੋ।**
ਪ੍ਰਤੀਲਿਪੀ ਪੜ੍ਹੋ।

ਕਿਉਂਕਿ ਛੁੱਟੀਆਂ ਵਿੱਚ ਯਾਤਰਾ ਕਰਨ ਦਾ ਵਿਅਸਤ ਮੌਸਮ ਨੇੜੇ ਆਉਂਦਾ ਜਾ ਰਿਹਾ ਹੈ, TSA ਸੁਰੱਖਿਆ ਜਾਂਚ ਬਿੰਦੂ ਵਿੱਚੋਂ ਤੇਜ਼ੀ ਨਾਲ ਲੰਘਣ ਅਤੇ ਆਪਣੀ ਮੰਜ਼ਲ ਵੱਲ ਇੱਕ ਸੁਰੱਖਿਅਤ ਉਡਾਨ ਭਰਨ ਵਿੱਚ ਤੁਹਾਡੀ ਮਦਦ ਕਰੇਗਾ। ਸਾਡੇ ਟ੍ਰਾਂਸਪੋਰਟ ਸਿਕਉਰਿਟੀ ਆਫ਼ੀਸਰ (ਆਵਾਜਾਈ ਸੁਰੱਖਿਆ ਅਧਿਕਾਰੀ) ਇੱਕ ਕੁਸ਼ਲ ਸੁਰੱਖਿਆ ਪ੍ਰਕਿਰਿਆ ਮੁਹੱਈਆ ਕਰਨ ਲਈ 24 ਘੰਟੇ ਕੰਮ ਕਰਨਗੇ। ਅਸੀਂ ਤੁਹਾਨੂੰ ਨਿਵੇਦਨ ਕਰਨ ਜਾ ਰਹੇ ਹਾਂ ਕਿ ਤੁਸੀਂ ਨਿਯਮਾਂ ਨੂੰ ਜਾਣ ਕੇ ਅਤੇ ਹੱਥ ਵਿੱਚ ਫ਼ੜੇ ਜਾਣ ਵਾਲੇ ਬੈਗਾਂ ਨੂੰ ਧਿਆਨ ਨਾਲ ਪੈਕ ਕਰਕੇ ਆਪਣੇ ਸੁਰੱਖਿਆ ਅਨੁਭਵ ਵਿੱਚ ਇੱਕ ਸਰਗਰਮ ਭਾਗੀਦਾਰ ਬਣੋ।

ਵਧੇਰੇ ਤੇਜ਼ੀ ਨਾਲ ਨਿਕਲਣ ਲਈ ਸਮਾਰਟ ਪੈਕਿੰਗ ਕਰੋ। ਸਮਾਨ ਨੂੰ ਪਰਤਾਂ ਦੇ ਵਿੱਚ ਰੱਖ ਕੇ ਸੰਗਠਿਤ ਰੱਖੋ, ਇਸ ਨਾਲ ਸੁਰੱਖਿਆ ਅਧਿਕਾਰੀਆਂ ਦੀ ਦ੍ਰਿਸ਼ਟੀ ਵੱਧ ਜਾਵੇਗੀ। ਜਾਂਚ ਬਿੰਦੂ ਦੇ ਨੇੜੇ ਪਹੁੰਚਦੇ ਸਮੇਂ, ਤਿਆਰ ਰਹੋ। ਬੋਅਰਡਿੰਗ ਪਾਸ ਅਤੇ ਪਛਾਣ-ਪੱਤਰ, ਨਿਰੀਖਣ ਲਈ ਤਿਆਰ ਹੋਣ, ਬਾਹਰੀ ਕੱਪੜੇ ਅਤੇ ਜੁੱਤੇ ਉਤਾਰ ਦਿੱਤੇ ਜਾਣ, ਧਾਤੂ ਦੀਆਂ ਕੋਈ ਖੁੱਲ੍ਹੀਆਂ ਚੀਜ਼ਾਂ ਤੁਹਾਡੇ ਹੱਥ ਵਿੱਚ ਫ਼ੜੇ ਜਾਣ ਵਾਲੇ ਸਮਾਨ ਵਿੱਚ ਰੱਖੀਆਂ ਗਈਆਂ ਹੋਣ ਅਤੇ ਸਾਰੇ ਤਰਲ ਪਦਾਰਥ ਬੈਗਾਂ ਵਿੱਚੋਂ ਬਾਹਰ ਆ ਜਾਣੇ ਚਾਹੀਦੇ ਹਨ। ਸਾਰੇ ਤਰਲ 3-1-1 ਬਣਤਰ ਵਿੱਚ ਰੱਖੇ ਜਾਣੇ ਚਾਹੀਦੇ ਹਨ ਜਦ ਤਕ ਕਿ ਵਿਸ਼ੇਸ਼ ਮੈਡੀਕਲ ਉਦੇਸ਼ਾਂ ਲਈ ਉਹਨਾਂ ਦੀ ਲੋੜ ਨਾ ਹੋਵੇ।

## ਕਿਵੇਂ?

ਇੱਥੇ ਦੱਸਿਆ ਜਾ ਰਿਹਾ ਹੈ ਕਿ ਤੁਸੀਂ ਆਪਣੇ ਮੁਕੰਮਲ ਸੁਰੱਖਿਆ ਅਨੁਭਵ ਨੂੰ ਕਿਸ ਤਰ੍ਹਾਂ ਸੌਖੀ ਉਡਾਨ ਵਿੱਚ ਬਦਲ ਸਕਦੇ ਹੋ:

- ਪਰਤਾਂ ਦੀ ਵਰਤੋਂ ਕਰਦੇ ਹੋਏ ਹੱਥ ਵਿੱਚ ਫੜਣ ਵਾਲਾ ਇੱਕ ਸੰਗਠਿਤ ਬੈਗ ਪੈਕ ਕਰੋ- ਕੱਪੜਿਆਂ ਦੀ ਇੱਕ ਪਰਤ, ਫਿਰ ਇਲੈਕਟ੍ਰੋਨਿਕ ਚੀਜ਼ਾਂ, ਹੋਰ ਕੱਪੜੇ ਅਤੇ ਉਸ ਤੋਂ ਬਾਅਦ ਕੋਈ ਭਾਰੀਆਂ ਚੀਜ਼ਾਂ। ਇਸ ਨਾਲ ਸੁਰੱਖਿਆ ਅਧਿਕਾਰੀਆਂ ਨੂੰ ਇਹ ਦੇਖਣ ਵਿੱਚ ਮਦਦ ਮਿਲੇਗੀ ਕਿ ਤੁਹਾਡੇ ਬੈਗ ਵਿੱਚ ਕੀ ਹੈ।
- ਜਾਂਚ ਬਿੰਦੂ 'ਤੇ ਪਹੁੰਚਣ 'ਤੇ ਆਪਣਾ ਬੋਅਰਡਿੰਗ ਪਾਸ ਅਤੇ ਪਛਾਣ-ਪੱਤਰ ਨਿਰੀਖਣ ਲਈ ਤਿਆਰ ਰੱਖੋ।
- ਆਪਣਾ ਕੋਟ ਅਤੇ ਜੁੱਤੇ ਉਤਾਰ ਕੇ ਉਹਨਾਂ ਨੂੰ ਕਿਸੇ ਬਿਨ (ਡੱਬੇ) ਵਿੱਚ ਰੱਖ ਦਿਓ।
- ਵੱਡੇ ਆਕਾਰ ਦੀਆਂ ਕਿਸੇ ਇਲੈਕਟ੍ਰੋਨਿਕ ਚੀਜ਼ਾਂ (ਲੈਪਟਾਪਾਂ, ਵੀਡੀਓ ਗੇਮ ਦੇ ਪੂਰੇ ਆਕਾਰ ਦੇ ਕਨਸੋਲ, ਡੀ ਵੀ ਡੀ ਪਲੇਅਰਾਂ ਅਤੇ ਕੈਸੇਟ ਦੀ ਵਰਤੋਂ ਕਰਨ ਵਾਲੇ ਵੀਡੀਓ ਕੈਮਰਿਆਂ) ਨੂੰ ਇੱਕ ਵੱਖਰੇ ਡੱਬੇ ਵਿੱਚ ਰੱਖੋ। ਆਈ ਪੌਡ ਅਤੇ ਇਲੈਕਟ੍ਰੋਨਿਕਸ ਦੀਆਂ ਕੋਈ ਦੂਸਰੀਆਂ ਛੋਟੀਆਂ ਚੀਜ਼ਾਂ ਤੁਹਾਡੇ ਹੱਥ ਵਿੱਚ ਫੜੇ ਜਾਣ ਵਾਲੇ ਬੈਗ ਵਿੱਚ ਰਹਿ ਸਕਦੀਆਂ ਹਨ।
- ਤਰਲ ਪਦਾਰਥਾਂ ਲਈ 3-1-1 ਨਿਯਮ ਦੀ ਪਾਲਣਾ ਕਰੋ ਅਤੇ ਆਪਣਾ ਇੱਕ ਕੁਆਰਟ ਵਾਲਾ ਛੋਟਾ ਬੈਗ ਇੱਕ ਵੱਖਰੇ ਡੱਬੇ ਵਿੱਚ ਰੱਖੋ।
- **ਸ਼ੱਕ ਹੋਣ 'ਤੇ, ਇਸਨੂੰ ਬਾਹਰ ਛੱਡ ਦਿਓ।** ਜੇ ਤੁਸੀਂ ਇਸ ਬਾਰੇ ਯਕੀਨੀ ਨਹੀਂ ਹੋ ਕਿ ਕੀ ਤੁਸੀਂ ਕਿਸੇ ਚੀਜ਼ ਨੂੰ ਜਾਂਚ ਬਿੰਦੂ ਵਿੱਚੋਂ ਲਿਆ ਸਕਦੇ ਹੋ ਜਾਂ ਨਹੀਂ, ਤਾਂ ਇਸ ਨੂੰ ਆਪਣੇ ਚੈੱਕਡ (ਵੱਖਰੇ ਭੇਜੇ ਜਾਣ ਵਾਲੇ) ਬੈਗ ਵਿੱਚ ਪਾਓ ਜਾਂ ਘਰ ਹੀ ਛੱਡ ਦਿਓ। ਪ੍ਰਤੀਬੰਧਿਤ ਚੀਜ਼ਾਂ ਦੀ ਸੂਚੀ ਦੇਖਣ ਲਈ ਇੱਥੇ ਕਲਿੱਕ ਕਰੋ।

## ਸੁਰੱਖਿਆ ਵਿੱਚੋਂ ਛੇਤੀ ਨਿਕਲਣ ਲਈ ਸਧਾਰਨ ਪੈਕਿੰਗ ਕਰੋ

ਹੇਠਾਂ ਦਿੱਤੀਆਂ ਤਸਵੀਰਾਂ ਦੋ ਤਰੀਕਿਆਂ ਨਾਲ ਪੈਕ ਕੀਤੀਆਂ ਗਈਆਂ ਚੀਜ਼ਾਂ ਦੇ ਇੱਕ ਸਮੂਹ ਨੂੰ ਦਿਖਾਉਂਦੀਆਂ ਹਨ: ਖੱਬੇ ਪਾਸੇ ਦਿਖਾਈਆਂ ਗਈਆਂ ਚੀਜ਼ਾਂ ਸਾਫ਼-ਸੁਥਰੇ ਢੰਗ ਵਿੱਚ ਪੈਕ ਕੀਤੀਆਂ ਗਈਆਂ ਹਨ ਅਤੇ ਸੱਜੇ ਪਾਸੇ ਦਿਖਾਈਆਂ ਗਈਆਂ ਚੀਜ਼ਾਂ ਖਿੰਡੀਆਂ ਅਤੇ ਉੱਘੜ-ਦੁੱਗੜ ਪਈਆਂ ਹਨ। ਇਹਨਾਂ ਤਸਵੀਰਾਂ ਵਿੱਚ ਤੁਸੀਂ ਸਾਫ ਤੌਰ 'ਤੇ ਦੇਖ ਸਕਦੇ ਹੋ ਕਿ ਇਹ ਸਭ ਚੀਜ਼ਾਂ ਕੀ ਹਨ, ਪਰ ਸਾਡੇ ਟ੍ਰਾਂਸਪੋਰਟ ਸਿਕਉਰਿਟੀ ਆਫ਼ਿਸਰ ਤੁਹਾਡੇ ਬੈਗ ਨੂੰ ਇਸ ਤਰ੍ਹਾਂ ਨਾਲ ਨਹੀਂ ਦੇਖਦੇ - ਉਹ ਇੱਕ ਸਕਰੀਨ 'ਤੇ ਇੱਕ ਐਕਸ-ਰੇ ਚਿੱਤਰ ਦੇਖਦੇ ਹਨ। ਅਤੇ ਉਹਨਾਂ ਨੂੰ ਤੇਜ਼ੀ ਨਾਲ ਨਿਰਧਾਰਿਤ ਕਰਨਾ ਪੈਂਦਾ ਹੈ ਕਿ ਕੀ ਤੁਹਾਡੇ ਬੈਗ ਵਿੱਚ ਕੋਈ ਸੰਭਾਵਿਤ ਰੂਪ ਵਿੱਚ ਖ਼ਤਰਨਾਕ ਚੀਜ਼ ਤਾਂ ਨਹੀਂ ਹੈ। ਤੁਹਾਨੂੰ ਪਤਾ ਹੈ ਕਿ ਤੁਸੀਂ ਕੋਈ ਖ਼ਤਰਾ ਨਹੀਂ ਹੋ, ਪਰ ਸਾਡੇ TSO ਤੁਹਾਨੂੰ ਨਹੀਂ ਜਾਣਦੇ, ਅਤੇ ਦੇਖਣ ਵਿੱਚ ਨਿਰਦੋਸ਼ ਲੱਗਣ ਵਾਲੀਆਂ ਚੀਜ਼ਾਂ ਅਸਲ ਵਿੱਚ ਸਿਰਫ਼ ਉਹਨਾਂ ਨੂੰ ਪੈਕ ਕੀਤੇ ਜਾਣ ਦੇ ਤਰੀਕੇ ਦੇ ਕਾਰਨ ਹੀ ਇੱਕ ਐਕਸ-ਰੇ ਚਿੱਤਰ ਵਿੱਚ ਸੰਭਾਵਿਤ ਖ਼ਤਰੇ ਦਿਖਾਈ ਦੇ ਸਕਦੀਆਂ ਹਨ।




## ਅਸੀਂ ਤੁਹਾਡੀ ਮਦਦ ਕਰਨ ਲਈ ਹਾਂ

ਛੁੱਟੀਆਂ ਦੌਰਾਨ, TSA ਦੇ ਕਰਮਚਾਰੀ, ਜਾਂਚ ਬਿੰਦੂ ਦੇ ਸਾਮ੍ਹਣੇ ਹੋਣਗੇ, ਉਹ ਸੁਰੱਖਿਆ ਪ੍ਰਕਿਰਿਆ ਵਿੱਚੋਂ ਲੰਘਣ ਵਿੱਚ ਤੁਹਾਡੀ ਮਦਦ ਕਰਨ ਲਈ ਤਿਆਰ ਹੋਣਗੇ। ਉਹਨਾਂ ਚੀਜ਼ਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਜੋ ਕਤਾਰਾਂ ਨੂੰ ਹੌਲੀ ਕਰਨ ਦੀ ਕੋਸ਼ਿਸ਼ ਕਰਦੀਆਂ ਹਨ, ਕਈ ਸੁਰੱਖਿਆ ਅਧਿਕਾਰੀ, ਤੁਹਾਡੇ ਸੁਰੱਖਿਆ ਵਿੱਚੋਂ ਲੰਘਣ ਸਮੇਂ ਤੁਹਾਨੂੰ ਲਾਹੇਵੰਦ ਗੱਲਾਂ ਯਾਦ ਦਿਵਾਉਣਗੇ। ਜਾਂਚ ਬਿੰਦੂ 'ਤੇ ਹੋਣ ਵਾਲੀਆਂ ਸਭ ਤੋਂ ਆਮ ਗਲਤੀਆਂ ਹੇਠਾਂ ਦਿੱਤੀਆਂ ਗਈਆਂ ਹਨ:

- ਨਿਰੀਖਣ ਲਈ ਬੋਅਰਡਿੰਗ ਪਾਸ ਅਤੇ ਪਛਾਣ ਪੱਤਰ ਕੋਲ ਨਾ ਹੋਣਾ।
- ਭਾਰੇ ਕੋਟ, ਸਵੈਟਰਾਂ ਅਤੇ ਦੂਸਰੀਆਂ ਚੀਜ਼ਾਂ ਪਹਿਣਨੀਆਂ ਜੋ ਕਿ ਸੁਰੱਖਿਆ ਅਧਿਕਾਰੀਆਂ ਲਈ ਸਹੀ ਢੰਗ ਨਾਲ ਤੁਹਾਡੀ ਜਾਂਚ ਕਰਨ ਨੂੰ ਮੁਸ਼ਕਲ ਬਣਾਉਂਦੀਆਂ ਹਨ।
- ਤਸਮਿਆਂ ਵਾਲੇ ਜਾਂ ਬੰਨ੍ਹਣ ਵਾਲੀਆਂ ਦੂਸਰੀਆਂ ਚੀਜ਼ਾਂ ਵਾਲੇ ਜੁੱਤੇ ਜਾਂ ਬੂਟ ਪਹਿਣਨੇ ਜਿਨ੍ਹਾਂ ਨੂੰ ਉਤਾਰਨਾ ਅਤੇ ਦੁਬਾਰਾ ਪਹਿਣਨਾ ਅਸਾਨ ਨਹੀਂ ਹੁੰਦਾ।
- ਲੈਪਟਾਪਾਂ ਅਤੇ ਵੱਡੇ ਆਕਾਰ ਦੀਆਂ ਦੂਸਰੀਆਂ ਇਲੈਕਟ੍ਰੋਨਿਕ ਚੀਜ਼ਾਂ ਨੂੰ ਹੱਥ ਵਿੱਚ ਲਿਜਾਏ ਜਾਣ ਵਾਲੇ ਬੈਗਾਂ ਵਿੱਚੋਂ ਬਾਹਰ ਕੱਢਣਾ ਭੁੱਲ ਜਾਣਾ।
- ਤਰਲ ਪਦਾਰਥਾਂ, ਐਰੋਸੋਲਾਂ ਅਤੇ ਜੈਲ ਸੰਬੰਧੀ 3-1-1 ਨਿਯਮਾਂ ਨੂੰ ਭੁੱਲ ਜਾਣਾ।
- ਦਵਾਈਆਂ, ਛਾਤੀ ਦਾ ਦੁੱਧ, ਬੇਬੀ ਫਾਰਮੂਲਾ ਅਤੇ ਦੂਸਰੀਆਂ ਚੀਜ਼ਾਂ ਵਰਗੇ ਛੋਟ ਪ੍ਰਾਪਤ ਤਰਲ ਪਦਾਰਥਾਂ ਬਾਰੇ ਦੱਸਣਾ ਭੁੱਲ ਜਾਣਾ।
- ਖੱੁਲ੍ਹੇ ਪੈਸੇ, ਚਾਬੀਆਂ ਅਤੇ ਧਾਤੂ ਦੀਆਂ ਦੂਸਰੀਆਂ ਚੀਜ਼ਾਂ ਨੂੰ ਜੇਬਾਂ ਵਿੱਚ ਛੱਡਣਾ
- ਅਜਿਹੇ ਤੋਹਫੇ ਲਿਆਉਣਾ, ਜੋ ਪ੍ਰਤੀਬੰਧਿਤ ਚੀਜ਼ਾਂ ਦੀ ਸੂਚੀ 'ਤੇ ਹੋਣ (ਪੁਰਾਣੀਆਂ ਤਲਵਾਰਾਂ ਅਤੇ ਬੰਦੂਕਾਂ ਆਦਿ)

ਜੇਕਰ ਤੁਹਾਨੂੰ ਸੁਰੱਖਿਆ ਜਾਂਚ ਵਿੱਚੋਂ ਨਿਕਲਣ ਲਈ ਕਿਸੇ ਵਿਸ਼ੇਸ਼ ਸਹਾਇਤਾ ਦੀ ਲੋੜ ਹੋਵੇ, ਤਾਂ ਕਿਰਪਾ ਕਰਕੇ ਜਾਂਚ ਬਿੰਦੂ ਖੇਤਰ ਅੰਦਰ ਪ੍ਰਵੇਸ਼ ਕਰਦਿਆਂ ਹੀ ਕਿਸੇ ਸੁਰੱਖਿਆ ਅਧਿਕਾਰੀ ਦੇ ਧਿਆਨ ਵਿੱਚ ਲਿਆਓ।

## ਤੁਸੀਂ ਸਾਡੀ ਮਦਦ ਕਿਵੇਂ ਕਰ ਸਕਦੇ ਹੋ

- **ਸਮੇਂ 'ਤੇ ਪਹੁੰਚੋ :** ਪਹੁੰਚਣ ਦੇ ਸਮੇਂ ਸੰਬੰਧੀ ਸੁਝਾਅ ਏਅਰਲਾਈਨ ਅਤੇ ਯਾਤਰਾ ਦੇ ਦਿਨ ਮੁਤਾਬਕ ਵੱਖ-ਵੱਖ ਹੁੰਦੇ ਹਨ, ਇਸ ਲਈ ਆਪਣੀ ਏਅਰਲਾਈਨ ਤੋਂ ਇਸ ਬਾਰੇ ਪਤਾ ਕਰੋ। ਸੁਰੱਖਿਆ ਜਾਂਚ ਬਿੰਦੂ ਵਿੱਚ ਪ੍ਰਵੇਸ਼ ਕਰਨ ਲਈ ਬੋਅਰਡਿੰਗ ਪਾਸ ਅਤੇ ਵੈਧ ਸਰਕਾਰੀ ਫੋਟੋ ਪਛਾਣ-ਪੱਤਰ ਦੀ ਜ਼ਰੂਰਤ ਹੁੰਦੀ ਹੈ। ਆਪਣੇ ਸਮਾਨ ਦੀ ਜਾਂਚ ਕਰਨ ਅਤੇ ਸੁਰੱਖਿਆ ਜਾਂਚ ਵਿੱਚੋਂ ਲੰਘਣ ਲਈ ਆਪਣੇ ਆਪ ਨੂੰ ਕਾਫੀ ਸਮਾਂ ਦੇਣਾ ਯਾਦ ਰੱਖੋ।
- **ਤੋਹਫਿਆਂ ਨੂੰ ਨਾ ਲਪੇਟੋ:** ਜੇਕਰ ਕਿਸੇ ਸੁਰੱਖਿਆ ਅਧਿਕਾਰੀ ਨੂੰ ਕਿਸੇ ਪੈਕੇਜ਼ ਦਾ ਨਿਰੀਖਣ ਕਰਨ ਦੀ ਲੋੜ ਹੋਵੇ, ਤਾਂ ਉਹਨਾਂ ਨੂੰ ਕਿਸੇ ਤੋਹਫੇ 'ਤੇ ਲਪੇਟਿਆ ਕਾਗਜ਼ ਖੋਲ੍ਹਣਾ ਪੈ ਸਕਦਾ ਹੈ। ਤੋਹਫਿਆਂ ਨੂੰ ਲਪੇਟਣ ਲਈ ਕਿਰਪਾ ਕਰਕੇ ਆਪਣੀ ਮੰਜ਼ਲ 'ਤੇ ਪਹੁੰਚਣ ਤਕ ਉਡੀਕ ਕਰੋ।
- **ਪਾਲਤੂ ਜਾਨਵਰ।** ਕਿਰਪਾ ਕਰਕੇ ਸਾਰੇ ਜਾਨਵਰਾਂ ਨੂੰ ਉਹਨਾਂ ਦੇ ਲਿਜਾਉਣ ਵਾਲੇ ਸੰਦੂਕਾਂ ਵਿੱਚੋਂ ਉਤਾਰ ਲਓ ਅਤੇ ਸੰਦੂਕਾਂ ਨੂੰ ਐਕਸ ਰੇ ਮਸ਼ੀਨ ਵਿੱਚੋਂ ਲੰਘਣ ਲਈ ਭੇਜ ਦਿਓ। ਆਪਣੇ ਪਾਲਤੂ ਨੂੰ ਆਪਣੀਆਂ ਬਾਹਾਂ ਵਿੱਚ ਫੜਦੇ ਹੋਏ ਮੈਟਲ ਡਿਟੈਕਟਰ (ਧਾਤੂ ਦੀ ਜਾਂਚ ਕਰਨ ਵਾਲੀ ਮਸ਼ੀਨ) ਵਿੱਚੋਂ ਅੱਗੇ ਵਧੋ।
- **ਬੱਚੇ।** ਕਿਰਪਾ ਕਰਕੇ ਆਪਣੇ ਕੁੱਛੜ ਬੱਚਿਆਂ ਅਤੇ ਦੂਜੇ ਬੱਚਿਆਂ ਨੂੰ ਬੱਚਾ ਵਾਹਨਾਂ ਅਤੇ ਧੱਕਣ ਵਾਲੇ ਸਮਾਨ ਤੋਂ ਬਾਹਰ ਕੱਢ ਲਵੋ ਅਤੇ ਉਹਨਾਂ ਨੂੰ ਆਪਣੇ ਨਾਲ ਲੈ ਕੇ ਮੈਟਲ ਡਿਟੈਕਟਰ ਵਿੱਚੋਂ ਲੰਘੋ। ਧੱਕਣ ਵਾਲਾ ਸਮਾਨ ਅਤੇ ਸਿਸ਼ੂ ਵਾਹਕ, ਤੁਹਾਡੇ ਬੈਗਾਂ ਦੇ ਨਾਲ ਹੀ ਐਕਸ ਰੇ ਮਸ਼ੀਨ ਵਿੱਚੋਂ ਲੰਘ ਜਾਂਦੇ ਹਨ। ਜੇਕਰ ਹੋ ਸਕੇ ਤਾਂ ਮੈਟਲ ਡਿਟੈਕਟਰ ਤਕ ਪਹੁੰਚਣ ਤੋਂ ਪਹਿਲਾਂ ਆਪਣੇ ਧੱਕਣ ਵਾਲੇ ਸਮਾਨ ਨੂੰ ਮੋੜ ਕੇ ਇਕੱਠਾ ਕਰ ਲਵੋ।

- **ਕੱਪੜਿਆਂ ਦੇ ਹਿੱਸੇ।** ਤੁਹਾਡੇ ਕੱਪੜਿਆਂ ਵਿੱਚ ਰੱਖੀ ਕੋਈ ਧਾਤੂ ਜਾਂਚ ਮਸ਼ੀਨਾਂ ਨੂੰ ਚਾਲੂ ਕਰ ਸਕਦੀ ਹੈ। ਸਿੱਕੇ, ਚਾਂਬੀਆਂ, ਗਹਿਣੇ, ਬੈਲਟ ਦੇ ਬੱਕਲ ਅਤੇ ਧਾਤੂ ਦੀਆਂ ਬਣੀਆਂ ਦੂਸਰੀਆਂ ਚੀਜ਼ਾਂ ਨੂੰ ਆਪਣੇ ਹੱਥ ਵਿੱਚ ਲਿਜਾਏ ਜਾਣ ਵਾਲੇ ਬੈਗ ਵਿੱਚ ਪੈਕ ਕਰੋ। ਯਾਦ ਰੱਖੋ ਕਿ ਸਾਰੇ ਜੁੱਤੇ ਉਤਾਰਕੇ ਡੱਬਿਆਂ ਵਿੱਚ ਰੱਖ ਦਿੱਤੇ ਜਾਣੇ ਚਾਹੀਦੇ ਹਨ। ਮੁਸਾਫ਼ਰਾਂ ਨੂੰ ਸਰਦੀਆਂ ਦੇ ਕੋਟ, ਬਲੇਜ਼ਰ, ਸੂਟ ਕੋਟ ਅਤੇ ਭਾਰੇ ਸਵੈਟਰ ਵੀ ਉਤਾਰਨ ਦੀ ਲੋੜ ਹੁੰਦੀ ਹੈ।
- **ਫ਼ਿਲਮ।** ਡਿਵੈਲਪ ਨਾ ਕੀਤੀ ਗਈ ਫ਼ਿਲਮ ਤੁਹਾਡੇ ਦੁਆਰਾ ਹੱਥ ਵਿੱਚ ਲਿਜਾਏ ਜਾਣ ਵਾਲੇ ਬੈਗ ਵਿੱਚ ਰੱਖੀ ਜਾਣੀ ਚਾਹੀਦੀ ਹੈ। 800 ਤੋਂ ਵੱਧ ਰਫਤਾਰ ਦੀ ਕਿਸੇ ਫ਼ਿਲਮ ਦਾ ਭੌਤਿਕ ਨਿਰੀਖਣ ਲਈ ਕਿਸੇ ਸੁਰੱਖਿਆ ਅਧਿਕਾਰੀ ਨੂੰ ਇਸਦਾ ਖੁਲਾਸਾ ਕਰੋ ਤਾਂ ਜੋ ਇਸਨੂੰ ਐਕਸ-ਰੇ ਕੀਤੇ ਜਾਣ ਤੋਂ ਬਚਾਇਆ ਜਾ ਸਕੇ।
- **ਸ਼ੱਕ ਹੋਣ 'ਤੇ, ਇਸਨੂੰ ਬਾਹਰ ਛੱਡ ਦਿਓ।** ਪ੍ਰਤੀਬੰਧਿਤ ਚੀਜ਼ਾਂ ਨੂੰ ਹਵਾਈ ਅੱਡੇ 'ਤੇ ਲਿਆਉਣਾ ਤੁਹਾਡੇ ਲਈ ਅਤੇ ਦੂਸਰੇ ਮੁਸਾਫ਼ਰਾਂ ਲਈ ਜਾਂਚ ਪ੍ਰਕਿਰਿਆ ਵਿੱਚ ਦੇਰੀ ਦਾ ਕਾਰਨ ਬਣੇਗਾ। ਜੇਕਰ ਤੁਸੀਂ ਯਕੀਨੀ ਨਹੀਂ ਹੋ ਕਿ ਕਿਹੜੀਆਂ ਚੀਜ਼ਾਂ ਲਿਆਉਣ ਦੀ ਆਗਿਆ ਹੈ, ਤਾਂ ਆਗਿਆ ਵਾਲੀਆਂ ਅਤੇ ਪ੍ਰਤੀਬੰਧਿਤ ਚੀਜ਼ਾਂ ਦੀ ਇੱਕ ਪੂਰੀ ਸੂਚੀ ਲਈ TSA ਟੀ ਵੈਬਸਾਈਟ ਦੇਖੋ। ਪ੍ਰਵਾਨਿਤ ਅਤੇ ਪ੍ਰਤੀਬੰਧਿਤ ਚੀਜ਼ਾਂ।
- **ਪਹਿਲਾਂ ਤੋਲੋ, ਫਿਰ ਬੋਲੋ:** ਲੜਾਕੂ ਵਿਹਾਰ, ਅਣ ਉਚਿਤ ਮਜ਼ਾਕ ਅਤੇ ਧਮਕੀਆਂ ਬਰਦਾਸ਼ਤ ਨਹੀਂ ਕੀਤੇ ਜਾਣਗੇ। ਉਹਨਾਂ ਦੇ ਨਤੀਜੇ ਵੱਜੋਂ ਤੁਹਾਡੀ ਉਡਾਨ ਵਿੱਚ ਦੇਰੀ ਹੋਵੇਗੀ ਅਤੇ ਸੰਭਾਵਿਤ ਤੌਰ 'ਤੇ ਉਡਾਣ ਛੁੱਟ ਜਾਵੇਗੀ। ਜ਼ਰੂਰਤ ਹੋਣ 'ਤੇ ਸਥਾਨਕ ਕਾਨੂੰਨ ਲਾਗੂਕਰਣ ਅਧਿਕਾਰੀਆਂ ਨੂੰ ਬੁਲਾਇਆ ਜਾ ਸਕਦਾ ਹੈ।

## ਤਰਲ ਪਦਾਰਥਾਂ ਨੂੰ ਕਿਵੇਂ ਪੈਕ ਕਰਨਾ ਹੈ: 3-1-1




ਤਰਲ ਵਿਸਫ਼ੋਟਕ ਅਜੇ ਵੀ ਹਵਾਈ ਜਹਾਜ਼ ਲਈ ਇੱਕ ਖ਼ਤਰਾ ਪੇਸ਼ ਕਰਦੇ ਹਨ। ਜਾਂਚ ਬਿੰਦੂ ਵਿੱਚੋਂ ਆਪਣੀ ਯਾਤਰਾ ਨੂੰ ਤੇਜ਼ ਕਰਨ ਲਈ ਆਪਣੇ ਸਾਰੇ ਤਰਲ ਪਦਾਰਥ ਆਪਣੇ ਚੈੱਕਡ (ਵੱਖਰੇ ਤੌਰ 'ਤੇ ਭੇਜੇ ਜਾਣ ਵਾਲੇ) ਬੈਗ ਵਿੱਚ ਪੈਕ ਕਰੋ। ਜੇ ਤਰਲ ਪਦਾਰਥਾਂ ਨੂੰ ਜਾਂਚ ਬਿੰਦੂ ਵਿੱਚੋਂ ਅਤੇ ਜਹਾਜ਼ ਤਕ ਲਿਜਾਉਣਾ ਤੁਹਾਡੇ ਲਈ ਜ਼ਰੂਰੀ ਹੈ, ਤਾਂ ਯਕੀਨੀ ਬਣਾਓ ਕਿ ਤੁਸੀਂ ਤਰਲ ਪਦਾਰਥਾਂ, ਐਰੋਸੋਲਾਂ ਅਤੇ ਜੈਲਾਂ ਲਈ 3-1-1 ਨਿਯਮਾਂ ਦੀ ਪਾਲਣਾ ਕਰਦੇ ਹੋ। ਕਿਰਪਾ ਕਰਕੇ ਇਹ ਗੱਲ ਧਿਆਨ ਵਿੱਚ ਰੱਖੋ ਕਿ 3-1-1 ਨਾ ਸਿਰਫ਼ ਸ਼ੈਂਪੂ ਅਤੇ ਟੂਥਪੇਸਟ ਵਰਗੀਆਂ ਚੀਜ਼ਾਂ 'ਤੇ ਲਾਗੂ ਹੁੰਦਾ ਹੈ, ਇਹ ਤਰਲ ਪਦਾਰਥਾਂ, ਭੋਜਨ, ਸ਼ਰਾਬ ਅਤੇ ਪਰਫਿਊਮ 'ਤੇ ਵੀ ਲਾਗੂ ਹੁੰਦਾ ਹੈ।

ਕੁਝ ਚੀਜ਼ਾਂ ਨੂੰ ਡਾਕਟਰੀ ਜ਼ਰੂਰਤ ਕਾਰਨ 3-1-1 ਨਿਯਮਾਂ ਤੋਂ ਬਾਹਰ ਰੱਖਿਆ ਗਿਆ ਹੈ। ਇਨਸੁਲੀਨ, ਖਾਂਸੀ ਦੀ ਦਵਾਈ ਅਤੇ ਮਲ੍ਹੱਮਾਂ ਵਰਗੀਆਂ ਦਵਾਈਆਂ, ਅਤੇ ਨਵਜਾਤ ਬੱਚਿਆਂ ਦੀਆਂ ਲੋੜਾਂ ਜਿਵੇਂ ਕਿ ਛਾਤੀ ਦਾ ਦੁੱਧ ਅਤੇ ਫਾਰਮੂਲਾ ਨੂੰ ਉਚਿਤ ਮਾਤਰਾਵਾਂ ਵਿੱਚ ਜਾਂਚ ਬਿੰਦੂ ਵਿੱਚੋਂ ਲੰਘਾਇਆ ਜਾ ਸਕਦਾ ਹੈ ਜਦ ਤਕ ਤੁਸੀਂ ਉਹਨਾਂ ਦਾ ਖੁਲਾਸਾ ਕਿਸੇ ਸੁਰੱਖਿਆ ਅਧਿਕਾਰੀ ਕੋਲ ਕਰਦੇ ਹੋ। ਤਿੰਨ ਔਂਸ ਤੋਂ ਵੱਡੀਆਂ ਮਾਤਰਾਵਾਂ ਵਿੱਚ ਦੂਸਰੀਆਂ ਤਰਲ ਚੀਜ਼ਾਂ ਨੂੰ ਤੁਹਾਡੇ ਚੈੱਕਡ (ਵੱਖਰੇ ਤੌਰ 'ਤੇ ਭੇਜੇ ਜਾਣ ਵਾਲੇ) ਬੈਗਾਂ ਵਿੱਚ ਰੱਖਿਆ ਜਾਣਾ ਚਾਹੀਦਾ ਹੈ।

**TSA 3-1-1 ਯਾਤਰਾ ਲਈ ਸੁਝਾਅ:**

- 3-1-1: ਤਿੰਨ ਔਂਸ ਜਾਂ ਇਸ ਤੋਂ ਘੱਟ ਦੇ ਬਰਤਨ, ਇੱਕ ਕੁਆਰਟ ਅਕਾਰ ਦਾ ਜ਼ਿੱਪ ਵਾਲਾ ਬੈਗ, ਇੱਕ ਬੈਗ ਪ੍ਰਤੀ ਵਿਅਕਤੀ।
- ਜ਼ਿੱਪ ਵਾਲੇ ਆਪਣੇ ਬੈਗ ਨੂੰ ਆਪਣੇ ਹੱਥ ਵਿੱਚ ਲਿਜਾਏ ਜਾਣ ਵਾਲੇ ਬੈਗ ਵਿੱਚੋਂ ਬਾਹਰ ਕੱਢ ਕੇ ਕਿਸੇ ਡੱਬੇ ਵਿੱਚ ਰੱਖ ਦਿਓ।
- 3 ਔਂਸ ਤੋਂ ਵੱਧ ਮਾਤਰਾ ਦੇ ਕਿਸੇ ਛੂਟ ਪ੍ਰਾਪਤ ਤਰਲ (ਦਵਾਈਆਂ, ਚਾਤੀ ਦਾ ਦੁੱਧ ਆਦਿ) ਦਾ ਖੁਲਾਸਾ ਸੁਰੱਖਿਆ ਅਧਿਕਾਰੀ ਨੂੰ ਕਰੋ।
- 3-1-1 ਛੁੱਟੀਆਂ ਸੰਬੰਧੀ ਚੀਜ਼ਾਂ 'ਤੇ ਲਾਗੂ ਹੁੰਦਾ ਹੈ ਜਿਵੇਂ ਕਿ ਪਰਫਿਊਮ, ਆਫਟਰ ਸ਼ੇਵ, ਲੋਸ਼ਨ, ਸਲਾਦ ਦੀ ਚਟਨੀ, ਸਾਲਸਾ, ਕਰੀਮ ਵਾਲੀਆਂ ਚਟਨੀਆਂ, ਜੈਮ ਅਤੇ ਜੈਲੀਆਂ।
- ਜੇ ਤੁਸੀਂ ਕਿਸੇ ਅੰਤਰ ਰਾਸ਼ਟਰੀ ਮੰਜ਼ਲ 'ਤੇ ਜਾਣ ਲਈ ਯਾਤਰਾ ਕਰ ਰਹੇ ਹੋ ਤਾਂ ਸ਼ਰਾਬ ਅਤੇ ਪਰਫਿਊਮ ਵਰਗੀਆਂ ਤਰਲ ਡਿਊਟੀ ਫ੍ਰੀ ਚੀਜ਼ਾਂ ਸੰਬੰਧੀ ਨਿਯਮਾਂ ਦੀ ਪਾਲਣਾ ਕਰਨੀ ਯਕੀਨੀ ਬਣਾਓ।

**ਲਾਹੇਵੰਦ ਸੰਪਰਕ:**

- ਇੰਟਰਨੈਸ਼ਨਲ ਹਾਰਮੋਨਾਈਜ਼ੇਸ਼ਨ ਆਫ਼ ਸਿਕਉਰਟੀ ਮੀਜ਼ਰਜ਼ (ਸੁਰੱਖਿਆ ਉਪਾਵਾਂ ਦਾ ਅੰਤਰ-ਰਾਸ਼ਟਰੀ ਤਾਲਮੇਲ)
- 3-1-1 ਕਿਤਾਬਚਾ
- ਦੂਸਰੀਆਂ ਭਾਸ਼ਾਵਾਂ ਵਿੱਚ 3-1-1 ਕਿਤਾਬਚਾ
- ਪ੍ਰਵਾਨਿਤ ਅਤੇ ਪ੍ਰਤੀਬੰਧਿਤ ਚੀਜ਼ਾਂ
- ਬੈਟਰੀਆਂ ਅਤੇ ਬੈਟਰੀ-ਚਾਲਿਤ ਉਪਕਰਨਾਂ ਨੂੰ ਪੈਕ ਕਰਨਾ
- DOT ਯਾਤਰਾ ਨੁਸਖੇ (ਆਵਾਜਾਈ ਵਿਭਾਗ ਵਲੋਂ)

- **ਜਾਂਚ ਬਿੰਦੂ 'ਤੇ ਉਡੀਕ ਦੇ ਔਸਤ ਸਮੇਂ ਦੇਖਣ ਲਈ ਇੱਥੇ ਕਲਿੱਕ ਕਰੋ। ਕਿਰਪਾ ਕਰਕੇ ਧਿਆਨ ਵਿੱਚ ਰੱਖੋ ਕਿ ਛੁੱਟੀਆਂ ਦੇ ਸਮੇਂ ਬਹੁਤ ਜ਼ਿਆਦਾ ਮੁਸਾਫ਼ਰ ਆਉਂਦੇ ਜਾਂਦੇ ਹਨ, ਇਸ ਲਈ ਕਿਰਪਾ ਕਰਕੇ ਇਸ ਕਾਰਕ ਨੂੰ ਆਪਣੀ ਯੋਜਨਾ ਵਿੱਚ ਰੱਖੋ**

**ਪਲੱਗ-ਇੰਨ ਡਾਊਨਲੋਡ ਕਰੋ**

ਇਸ ਪੰਨੇ 'ਤੇ ਦਿੱਤੇ ਕੁਝ ਸੰਪਰਕਾਂ ਨੂੰ ਦੇਖਣ ਲਈ ਪਲੱਗ-ਇਨ ਦੀ ਲੋੜ ਹੈ ਜੋ ਕਿ ਹੇਠਾਂ ਉਪਲਬਧ ਹਨ:

Adobe Acrobat (PDF)